| ਦਫਤਰ ਕਮਾਂਡੈਂਟ, 82ਵੀਂ ਬਟਾਲੀਅਨ, ਪੀ.ਏ.ਪੀ., ਚੰਡੀਗੜ੍ਹ। | | Office of the Commandant, 82nd Battalion, P.A.P, Chandigarh. |
|---|---|---|

ਅੰਗ੍ਰੇਜੀ ਬ੍ਰਾਂਚ

ਸੇਵਾ ਵਿਖੇ

ਵਧੀਕ ਡਾਇਰੈਕਟਰ ਜਨਰਲ ਪੁਲਿਸ,
ਸਟੇਟ ਆਰਮਡ ਪੁਲਿਸ, ਜਲੰਧਰ।

15485
8/6/23

ਨੰਬਰ: 16468 /ਏ.ਸੀ-1, ਮਿਤੀ:- 06-6-2023

ਵਿਸ਼ਾ:- ਈ.ਆਰ.ਐਮ.ਐਸ ਦੇ ਵੱਖ-ਵੱਖ ਮਡਿਊਲਾਂ ਦਾ ਰਿਕਾਰਡ ਅਪਡੇਟ ਰੱਖਣ ਸਬੰਧੀ।

ਯਾਦ ਪੱਤਰ:

ਹਵਾਲਾ ਆਪਜੀ ਦੇ ਦਫਤਰ ਦੇ ਪੱਤਰ ਨੰਬਰ 454-79/ਈ.ਆਰ.ਐਮ.ਐਸ, ਮਿਤੀ 20.10.2020, ਵਿਸ਼ਾ ਉਕਤ ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਬੇਨਤੀ ਹੈ ਕਿ ਇਸ ਬਟਾਲੀਅਨ ਦੀ ਸ੍ਰੀਮਤੀ ਮਨਦੀਪ ਕੌਰ, ਪੀ.ਪੀ.ਐਸ, ਡੀ.ਐਸ.ਪੀ./ਡੀ.ਡੀ.ਓ ਨੂੰ ਈ.ਆਰ.ਐਮ.ਐਸ ਦਾ ਡਾਟਾ ਮਡਿਊਲ ਵਿੱਚ ਅੱਪਲੋਡ ਕਰਵਾਉਣ ਸਬੰਧੀ ਨੋਡਲ ਅਫਸਰ ਨਿਯੁਕਤ ਕੀਤਾ ਹੋਇਆ ਹੈ ਅਤੇ ਆਪਜੀ ਦੇ ਦਫਤਰ ਵੱਲੋਂ ਇਸ ਮਡਿਊਲ ਵਿੱਚ ਰਿਕਾਰਡ ਰੋਜਾਨਾ ਅੱਪ ਟੂ ਡੇਟ ਰੱਖਣ ਸਬੰਧੀ ਜਾਰੀ ਕੀਤੇ ਗਏ ਆਦੇਸਾਂ ਦੀ ਇੰਨ-ਬਿੰਨ ਪਾਲਣਾ ਕਰਨ ਸਬੰਧੀ ਇਸ ਬਟਾਲੀਅਨ ਦੇ ਦਫਤਰ ਦੇ ਡੀਲਿੰਗ ਹੈਂਡਾਂ/ਇੰਚਾਰਜਾਂ ਨੂੰ ਹਦਾਇਤ ਕੀਤੀ ਗਈ ਹੈ। ਇਸ ਤੋਂ ਇਲਾਵਾ ਇਸ ਬਟਾਲੀਅਨ ਦੀਆਂ ਵੱਖ-ਵੱਖ ਬ੍ਰਾਂਚਾਂ ਜਿਵੇ ਕਿ ਸੈਨਾ ਕਲਰਕ, ਐਮ.ਟੀ.ਓ, ਇੰ: ਫੁੱਟਕਲ ਸਟੋਰ, ਇੰ: ਕੋਤ ਬਟਾਲੀਅਨ, ਬਹਾਦਰਗੜ੍ਹ, ਪਟਿਆਲਾ ਦਾ ਰਿਕਾਰਡ ਈ.ਆਰ.ਐਮ.ਐਸ ਸਾਫਟਵੇਅਰ ਵਿੱਚ ਇੰਦਰਾਜ ਹੋ ਚੁੱਕਾ ਹੈ। ਜਿਸ ਸਬੰਧੀ ਵੇਰਵਾ ਹੇਠ ਲਿਖੇ ਅਨੁਸਾਰ ਹੈ ਜੀ:-

| ਸੈਨਾ ਕਲਰਕ | ਐਮ.ਟੀ.ਓ | ਐਮ.ਐਸ.ਕੇ | ਕੋਤ ਬਟਾਲੀਅਨ ਬਹਾਦਰਗੜ੍ਹ, ਪਟਿਆਲਾ | ਕੁਆਟਰ |
|---|---|---|---|---|
| 96% | 100% | 100% | 100% | ਇਹ ਬਟਾਲੀਅਨ ਪਾਸ ਆਪਣੀ ਕੋਈ ਪੱਕੀ ਜਗ੍ਹਾਂ ਨਾ ਹੋਣ ਕਰਕੇ ਇਸ ਬਟਾਲੀਅਨ ਦਾ ਹੈਡਕੁਆਟਰ ਦਫਤਰ/ਜਵਾਨਾਂ ਦੀ ਰਿਹਾਇਸ ਆਰਜੀ ਬੈਰਕਾਂ ਵਿੱਚ ਬਣਾਈ ਹੋਈ ਹੈ। ਜਿਸ ਕਰਕੇ ਇਸ ਬਟਾਲੀਅਨ ਪਾਸ ਆਪਣੇ ਸਰਕਾਰੀ ਕੁਆਟਰ ਨਾ ਹੋਣ ਕਰਕੇ ਇਹਨਾਂ ਦਾ ਰਿਕਾਰਡ ਈ.ਆਰ.ਐਮ.ਐਸ ਸਾਫਟਵੇਅਰ ਵਿੱਚ ਇੰਦਰਾਜ ਨਹੀਂ ਕੀਤਾ ਜਾ ਸਕਦਾ ਹੈ ਜੀ। |

ਇੱਥੇ ਇਹ ਦੱਸਣਯੋਗ ਹੈ ਕਿ ਸੈਨਾ ਕਲਰਕ ਬ੍ਰਾਂਚ ਦਾ ਡਾਟਾ ਈ.ਆਰ.ਐਮ.ਐਸ ਮਡਿਊਲ ਵਿੱਚ 96% ਫੀਡ ਕੀਤਾ ਜਾ ਚੁੱਕਾ ਹੈ, ਇਸ ਤੋਂ ਇਲਾਵਾ ਇਸ ਬਟਾਲੀਅਨ ਦੇ ਅਧੀਨ ਕੋਤ ਸੁਰੱਖਿਆ ਦਾ ਆਰਜੀ ਚਾਰਜ ਵੀ ਇਸ ਬਟਾਲੀਅਨ ਪਾਸ ਹੈ, ਇਹਨਾਂ ਕੋਤਾਂ ਵਿੱਚ ਵੱਖ-ਵੱਖ ਯੂਨਿਟਾਂ ਦਾ ਅਸਲਾ/ਐਮੂਨੀਸਨ ਮੌਜੂਦ ਹੈ। ਜਿਸ ਕਰਕੇ ਉੱਚ ਦਫਤਰ ਵੱਲੋਂ ਕੋਤ ਸੁਰੱਖਿਆ ਵਿੱਚ ਪਏ ਅਸਲੇ ਅਤੇ ਐਮੂਨੀਸਨ ਨੂੰ ਈ.ਆਰ.ਐਮ.ਐਸ ਸਾਫਟਵੇਅਰ ਵਿੱਚ ਨਹੀਂ ਲਿਆ ਗਿਆ ਹੈ। ਜਿਸ ਕਰਕੇ ਕੋਤ ਸੁਰੱਖਿਆ ਦੇ ਅਸਲੇ/ਐਮੂਨੀਸਨ ਦੀ ਸਟੇਟਮੈਂਟ ਮੈਨੂਅਲੀ ਭੇਜੀ ਜਾਂਦੀ ਹੈ।

ਕਮਾਂਡੈਂਟ,
82ਵੀਂ ਬਟਾਲੀਅਨ, ਪੀ.ਏ.ਪੀ.,
ਚੰਡੀਗੜ੍ਹ।

ਨੰਬਰ: /ਏ.ਸੀ-1, ਮਿਤੀ:-

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਤੇ ਲੌੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ:-

1. ਇੰਸਪੈਕਟਰ ਜਨਰਲ ਪੁਲਿਸ, ਪੀ.ਏ.ਪੀ, ਜਲੰਧਰ ਛਾਉਣੀ।
2. ਡਿਪਟੀ ਇੰਸਪੈਕਟਰ ਜਨਰਲ ਪੁਲਿਸ, ਪੀ.ਏ.ਪੀ.-2 ਅਤੇ ਸਿਖਲਾਈ, ਪੰਜਾਬ, ਚੰਡੀਗੜ੍ਹ।

ਕਮਾਂਡੈਂਟ,
82ਵੀਂ ਬਟਾਲੀਅਨ, ਪੀ.ਏ.ਪੀ.,
ਚੰਡੀਗੜ੍ਹ।